1 ਹਾਂ। ਨਹੀਂ। ਨਹੀਂ ਜਾਣਦਾ। ਮੈਂ ਨਹੀਂ ਸਮਝਦਾ।

2 ਤੁਹਾਡਾ ਕੀ ਨਾਂ ਹੈ? ਕੀ ਤੁਸੀਂ ਆਪਣਾ ਨਾਂ ਅੰਗਰੇਜ਼ੀ 'ਚ ਲਿਖ ਸਕਦੇ ਹੋ?

3 ਆਪਣਾ ਪਤਾ ਲਿਖੋ।

4 ਤੁਹਾਡੀ ਕਿੰਨੀ ਉਮਰ ਹੈ?

5 ਕੀ ਤੁਸੀਂ ਐਸੇ ਬੰਦੇ ਦਾ ਨਾਂ, ਟੈਲੀਫ਼ੋਨ ਨੰਬਰ ਤੇ ਪਤਾ ਦੇ ਸਕਦੇ ਹੋ, ਜਿਹਦੇ ਨਾਲ ਅਸੀਂ ਰਾਬਤਾ ਕਰ ਸਕੀਏ?

6 ਤੁਹਾਡਾ ਮੁਆਇਨਾ ਛੇਤੀ ਹੀ ਕੀਤਾ ਜਾਏਗਾ [1]ਡਾਕਟਰ। [2]ਨਰਸ ਵਲੋਂ।

7 ਕੀ ਤੁਹਾਡਾ ਕਦੇ ਐਕਸੀਡੈਂਟ ਹੋਇਆ? ਕਦੋਂ? (ਕੈਲੰਡਰ ਅਤੇ ਘੜੀ 'ਤੇ ਵਿਖਾਓ)

8 ਕੀ ਤੁਸੀਂ ਠੀਕ ਠਾਕ ਰਹੇ?

9 ਤੁਸੀਂ ਬੀਮਾਰ ਕਦੋਂ ਹੋਏ ਸੀ? (ਕੈਲੰਡਰ ਅਤੇ ਘੜੀ 'ਤੇ ਵਿਖਾਓ)

10 ਤੁਹਾਡੇ ਕਿਤੇ ਦਰਦ ਹੁੰਦਾ ਹੈ? ਹੱਥ ਲਾ ਕੇ ਦਸੋ। ਇਹ ਕਦੋਂ ਸ਼ੁਰੂ ਹੋਇਆ ਸੀ? (ਕੈਲੰਡਰ ਅਤੇ ਘੜੀ 'ਤੇ ਵਿਖਾਓ)।

11 ਤੁਹਾਡੀ ਦਰਦ ਦਾ ਪੱਧਰ ਕੀ ਹੈ? 1 (ਦਰਦ ਨਹੀਂ ਹੈ) 2 3 4 5 6 7 8 9 10 (ਤੇਜ਼ ਦਰਦ)

12 ਕੀ ਦਰਦ ਲਗਾਤਾਰ ਹੋਈ ਜਾਂਦਾ ਹੈ? ਜਾਂ ਰੁਕ-ਰੁਕ ਕੇ ਹੁੰਦਾ ਹੈ?

13 ਤੁਹਾਡਾ ਖ਼ੂਨ ਤਾਂ ਨਹੀਂ ਵਗਿਆ? ਇਸ਼ਾਰਾ ਕਰ ਕੇ ਦਸੋ।

14 ਤੁਹਾਨੂੰ ਖੰਘ ਤਾਂ ਨਹੀਂ? ਕੀ ਖੰਘ ਨਾਲ ਰੇਸ਼ਾ ਨਿਕਲਦਾ ਹੈ?
ਕਿਹੜੇ ਰੰਗ ਦਾ? ਚਿੱਟਾ? ਪੀਲਾ-ਹਰਾ? ਲਾਲ? ਭੂਰਾ?

15 ਕੀ ਤੁਹਾਨੂੰ ਸਾਹ ਲੈਣ 'ਚ ਤਕਲੀਫ਼ ਹੁੰਦੀ ਹੈ?

16 ਤੁਸੀਂ ਉਲਟੀ ਕੀਤੀ ਹੈ? ਕੀ ਤੁਹਾਨੂੰ ਖ਼ੂਨ ਦੀ ਉਲਟੀ ਆਈ ਹੈ?

17 ਤੁਹਾਨੂੰ ਦਸਤ ਤਾਂ ਨਹੀਂ ਲੱਗੇ ਹੋਏ?

18 ਕੀ ਤੁਹਾਨੂੰ ਕਬਜ਼ ਹੈ?

19 ਕੀ ਤੁਹਾਡੀ ਟੱਟੀ ਕਾਲੀ ਹੈ?

20 ਕੀ ਤੁਹਾਡੇ ਗਿੱਟੇ ਸੁੱਜ ਜਾਂਦੇ ਹਨ?

21 ਕੀ ਤੁਹਾਡਾ ਭਾਰ ਘਟਿਆ ਹੈ?

22 ਕੀ ਤੁਹਾਨੂੰ [1]ਦੇਖਣ [2]ਸੁਣਨ [3]ਨਿਗਲਣ [4]ਤੁਰਨ 'ਚ ਮੁਸ਼ਕਿਲ ਹੁੰਦੀ ਹੈ?

23 ਕੀ ਤੁਹਾਡਾ ਕਦੇ ਓਪਰੇਸ਼ਨ ਹੋਇਆ? ਦੱਸੋ ਕਿਸ ਥਾਂ ਦਾ।

24 ਪਿਛਲੀ ਵਾਰ ਤੁਹਾਡੀ ਮਾਹਵਾਰੀ ਕਦੋਂ ਸ਼ੁਰੂ ਹੋਈ ਸੀ? (ਕੈਲੰਡਰ 'ਤੇ ਦੱਸੋ)
ਕੀ ਤੁਸੀਂ ਗਰਭਵਤੀ ਹੋ? ਤੁਹਾਨੂੰ ਕਿੰਨੇ ਮਹੀਨੇ ਦਾ ਗਰਭ ਹੈ?
ਕੀ ਤੁਸੀਂ ਗਰਭਵਤੀ ਹੋ ਸਕਦੇ ਹੋ? ਕੀ ਅਸੀਂ ਤੁਹਾਡੇ ਗਰਭ ਦੀ ਪਰਖ ਕਰ ਸਕਦੇ ਹਾਂ?

25 ਕੀ ਤੁਸੀਂ ਸਿਗਰਟ ਪੀਂਦੇ ਹੋ? ਦਿਨ 'ਚ ਕਿੰਨੀਆਂ ਸਿਗਰਟਾਂ?

26 ਤੁਹਾਨੂੰ [1]ਸ਼ਕਰ ਦੀ ਬੀਮਾਰੀ ਤਾਂ ਨਹੀਂ? [2]ਮਿਰਗੀ? [3]ਦਮਾ?

27 ਤੁਹਾਨੂੰ ਕਦੇ [1]ਦਿਲ ਦੀ ਕਸਰ ਤਾਂ ਨਹੀਂ ਹੋਈ? [2]ਛਾਤੀ-ਦਰਦ? [3]ਹਾਈ ਬਲੱਡ ਪ੍ਰੈਸ਼ਰ?
[4]ਹਾਰਟ ਅਟੈਕ? [5]ਦਿਲ ਦਾ ਦੌਰਾ? [6]ਪੀਲੀਆ? [7]ਹੈਪੀਟਾਇਟਿਸ?

28 ਕੋਈ ਦਵਾਈ ਤੁਹਾਡੇ 'ਤੇ ਉਲਟਾ ਅਸਰ ਤਾਂ ਨਹੀਂ ਕਰਦੀ? ਪੈਨਸਿਲਿਨ? ਐਸਪੀਰਿਨ? ਕੋਈ ਹੋਰ ਦਵਾਈ?

29 ਕੀ ਤੁਸੀ ਇਸ ਵੇਲੇ ਕੋਈ ਦਵਾਈ ਲੈ ਰਹੇ ਹੋ? ਕੀ ਤੁਹਾਡੇ ਕੋਲ ਕੋਈ ਦਵਾਈ ਹੈ?
ਕੀ ਤੁਸੀ ਕੋਈ ਹੋਰ ਦਵਾਈ ਲੈ ਰਹੇ ਹੋ ਜਾਂ ਕੁਦਰਤੀ ਇਲਾਜ ਕਰ ਰਹੇ ਹੋ?

30 ਤੁਸੀਂ ਕਿੰਨੀਆਂ ਗੋਲੀਆਂ ਖਾਧੀਆਂ ਹਨ?

31 ਕੀ ਤੁਸੀ ਟੈਟਨਸ ਦਾ ਅੱਜ ਤੱਕ ਦਾ ਟੀਕਾ ਲੁਆਇਆ ਹੈ?

32 ਕੀ ਤੁਸੀ ਹਾਲ ਵਿਚ ਯੂਕੇ ਤੋਂ ਬਾਹਰ ਕਿਸੇ ਹੋਰ ਦੇਸ਼ ਵਿਚ ਗਏ ਸੀ? ਕਿਸ ਦੇਸ਼ 'ਚ? ਕਦੋਂ?

33 ਮੈਂ ਹਾਂ 1 ਨਰਸ। 2 ਡਾੱਕਟਰ। 3 ਫ਼ਸਟ ਏਡਰ। 4 ਪੈਰਾਮੈਡਿਕ। 5 ਸੋਸ਼ਲ ਵਰਕਰ।

34 ਕੀ ਮੈਂ ਤੁਹਾਡੀ ਜਾਂਚ ਕਰ ਸਕਦਾ ਹਾਂ? ਕੀ ਤੁਸੀ ਇਕ ਵਿਅਕਤੀ ਵਲੋਂ ਜਾਂਚ ਕਰਨ 'ਤੇ ਬੁਰਾ 1 ਮੰਨੋਗੇ? 2 ਔਰਤ?

35 ਸੱਾਰੀ, ਬੁਰਾ ਲੱਗ ਸਕਦਾ ਹੈ।

36 ਮੈਂ ਤੁਹਾਡਾ ਲਹੂ ਦਾ ਦਬਾਓ (ਬਲੱਡ ਪ੍ਰੈਸ਼ਰ) ਦੇਖਣਾ ਹੈ।

37 ਮੈਂ ਤੁਹਾਡੀ ਛਾਤੀ ਦੀ ਅਵਾਜ਼ ਸੁਣਨਾ ਚਾਹੁੰਦਾ ਹਾਂ।

38 ਮੈਂ ਤੁਹਾਡੇ ਦਿਲ ਦੀ ਜਾਂਚ ਕਰਨਾ ਚਾਹੁੰਦਾ ਹਾਂ।

39 ਮੈਂ ਤੁਹਾਨੂੰ ਅੰਦਰੋਂ ਦੇਖਣਾ ਹੈ।

40 ਮੈਂ ਤੁਹਾਡੇ ਟੀਕਾ ਲਾਉਣਾ ਹੈ।

41 ਮੈਂ ਇਹ ਟੀਊਬ ਦੇਣੀ ਹੈ।

42 ਮੈਂ ਤੁਹਾਡੇ ਲਹੂ ਦਾ ਨਮੂਨਾ ਲੈਣਾ ਹੈ।

43 ਮੈਂ ਤੁਹਾਨੂੰ ਐਕਸ-ਰੇ ਲਈ ਭੇਜਣਾ ਚਾਹੁੰਦਾ ਹਾਂ।

44 ਮੈ, ਤੁਹਾਡੇ ਟਾਂਕੇ ਲਾਉਣੇ ਹਨ।
ਤੁਹਾਨੂੰ ਇਸ ਦਿਨ ਆਪਣੇ ਟਾਂਕੇ ਖੁਲ੍ਹਵਾਉਣ ਲਈ ਡਾੱਕਟਰ ਕੋਲ ਜਾਣ ਦੀ ਲੋੜ ਹੈ (ਕੈਲੈਂਡਰ ਅਤੇ ਘੜੀ 'ਤੇ ਵਿਖਾਓ)।

45 ਕੀ ਤੁਹਾਡੀ ਹੱਡੀ ਟੁੱਟੀ ਹੈ/ਫ੍ਰੈਕਚਰ ਹੋਇਆ ਹੈ: 1 ਲੱਤ। 2 ਗਿੱਟਾ। 3 ਬਾਂਹ। 4 ਗੁੱਟ। 5 ਮੋਢਾ।

46 ਤੁਹਾਨੂੰ ਪਲੱਸਤਰ ਚੜ੍ਹਾਉਣ ਦੀ ਲੋੜ ਹੋਏਗੀ, ਆਪਣੀ: 1 ਲੱਤ। 2 ਗਿੱਟੇ। 3 ਬਾਂਹ। 4 ਗੁੱਟ 'ਤੇ।

47 ਤੁਹਾਨੂੰ ਇਸ (ਸਥਾਨ) ਨੂੰ ਇਸ ਤਾਰੀਖ਼ (ਕੈਲੈਂਡਰ 'ਤੇ ਵਿਖਾਓ) ਤਕ ਰਖੱਣ ਦੀ ਲੋੜ ਹੋਏਗੀ।

48 ਇਹ ਡੱਬੀ 'ਚ ਆਪਣਾ ਕਰੂਰਾ (ਪਿਸ਼ਾਬ) ਕਰ ਕੇ ਦਿਓ।

49 ਕੋਈ ਚੀਜ਼ ਖਾਣੀ ਜਾਂ ਪੀਣੀ ਨਹੀਂ।

50 ਹੁਣ ਤੁਸੀਂ ਉਠ ਸਕਦੇ ਹੋ।

51 ਤੁਹਾਨੂੰ ਹਸਪਤਾਲ ਦਾਖਲ ਹੋਣ ਦੀ ਲੋੜ ਹੈ।
ਕਿਰਪਾ ਕਰਕੇ ਵਾਰਡ 'ਚ ਬਿਸਤਰਾ ਖਾਲੀ ਹੋਣ ਤੱਕ ਉਡੀਕ ਕਰੋ।

52 ਫ਼ਿਕਰ ਨਾ ਕਰੋ ਸਭ ਠੀਕ ਹੋ ਜਾਏਗਾ।

53 ਕੀ ਮੈਂ ਤੁਹਾਡੇ ਲਈ ਟੈਕਸੀ ਬੁਲਾਵਾਂ?

54 ਜੇ ਤੁਹਾਨੂੰ ਮਦਦ ਦੀ ਲੋੜ ਪਵੇ, ਤਾਂ ਇਹ ਵਰਤੋ।

55 ਕਿਰਪਾ ਕਰਕੇ ਉਡੀਕ ਕਰੋ। ਕਿਰਪਾ ਕਰਕੇ ਇਸ ਪਾਸਿਓਂ ਆਓ। ਤੁਸੀਂ ਘਰ ਜਾ ਸਕਦੇ ਹੋ।

56 ਜੇ ਤੁਹਾਨੂੰ ਹੋਰ ਸਮਸਿਆਵਾਂ ਹਨ, ਤਾਂ ਕਿਰਪਾ ਕਰਕੇ ਵਾਪਸ ਆਓ।

57 ਮੈਨੂੰ, ਤੁਹਾਨੂੰ ਇਹ ਵਾਪਸ ਸੁਣਾਉਣ ਦਿਓ...

## ਮਰੀਜ਼ਾਂ ਦੇ ਸੁਆਲ

58 ਮੈਨੂੰ ਹੋਰ ਕਿੰਨੀ ਦੇਰ ਉਡੀਕ ਕਰਨੀ ਹੋਏਗੀ? 1 ਘੰਟੇ ਤਕ 2 ਘੰਟੇ ਤਕ 3 ਘੰਟੇ ਤਕ 4 ਘੰਟੇ ਤਕ

59 ਕੀ ਕੋਈ ਮੇਰਾ ਨਾਂ ਬੁਲਾਏਗਾ?

60 ਟੈਲੀਫ਼ੋਨ ਕਿਥੇ ਹੈ, ਮੈ ਆਪਣੇ ਪਰਿਵਾਰ/ਦੋਸਤਾਂ ਨੂੰ ਫ਼ੋਨ ਕਰਨਾ ਹੈ?

61 ਕੀ ਤੁਸੀ; ਕਿਰਪਾ ਕਰਕੇ ਮੇਰੇ ਲਈ ਘਰ ਜਾਣ ਵਾਸਤੇ ਟੈਕਸੀ ਬੁਲਾ ਸਕਦੇ ਹੋ?

62 ਕੀ ਮੈਂ ਠੀਕ ਹੋ ਜਾਵਾਂਗਾ?